Off: 01882-220322, 220974
E mail : eomchsp@gmail.com
Web : www.mchoshiarpur.in

OFFICE OF THE
# MUNICIPAL CORPORATION, HOSHIARPUR.
# ਦਫਤਰ ਨਗਰ ਨਿਗਮ, ਹੁਸ਼ਿਆਰਪੁਰ।

Ref No : 5566 Dated 04-8-2022

ਨਗਰ ਨਿਗਮ, ਹੁਸ਼ਿਆਰਪੁਰ ਵਲੋਂ ਸਫਾਈ ਸੇਵਕ ਅਤੇ ਸੀਵਰਮੈਨ ਦੀ ਅਸਾਮੀ ਤੇ ਠੇਕੇ ਤੇ ਭਰਤੀ ਸਬੰਧੀ ਮਹਤੱਵਪੂਰਨ ਮਿਤੀਆਂ:-

| | | |
|---|---|---|
| ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ | : | 08.08.2022 |
| ਆਨਲਾਈਨ ਅਰਜੀਆਂ ਅਪਲਾਈ ਕਰਨ ਦੀ ਸ਼ੁਰਆਤੀ ਮਿਤੀ | : | 11.08.2022 |
| ਆਨਲਾਈਨ ਅਰਜ਼ੀਆਂ ਅਪਲਾਈ/ਸਬਮਿੱਟ ਕਰਨ ਦੀ ਆਖਰੀ ਮਿਤੀ | : | 25.08.2022 (ਸ਼ਾਮ 5:00 ਵਜੇ ਤੱਕ) |

1. ਨਗਰ ਨਿਗਮ, ਹੁਸ਼ਿਆਰਪੁਰ ਵਲੋਂ 150 ਸਫਾਈ ਸੇਵਕਾਂ ਅਤੇ 30 ਸੀਵਰਮੈਨਾਂ ਦੀਆਂ ਅਸਾਮੀਆਂ ਤੇ ਕਿਰਤ ਵਿਭਾਗ, ਪੰਜਾਬ ਵਲੋਂ ਨਿਰਧਾਰਿਤ ਘੱਟੋ-ਘੱਟ ਉਜਰਤਾਂ/ ਡੀ.ਸੀ. ਰੇਟ ਤੇ ਠੇਕੇ ਤੇ ਭਰਤੀ ਲਈ ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

2. ਕੋਈ ਵੀ ਉਮੀਦਵਾਰ ਉਕੱਤ ਦਰਸਾਈਆਂ ਦੋਨਾਂ ਅਸਾਮੀਆਂ (ਸਫਾਈ ਸੇਵਕ ਅਤੇ ਸੀਵਰਮੈਨ) ਲਈ ਆਪਣੀ ਅਰਜ਼ੀ ਦੇ ਸਕਦਾ ਹੈ। ਅਜਿਹੇ ਉਮੀਦਵਾਰ ਨੂੰ ਆਪਣੀ ਅਰਜ਼ੀ ਵਿੱਚ ਦੋਨਾਂ ਅਸਾਮੀਆਂ ਵਿਚੋਂ ਆਪਣੀ ਪਹਿਲੀ ਅਤੇ ਦੂਸਰੀ ਅਸਾਮੀ ਲਈ ਤਰਜੀਹ ਦਰਸਾਉਣੀ ਜਰੂਰੀ ਹੋਵੇਗੀ।

3. ਸਫਾਈ ਸੇਵਕ ਦੀਆਂ ਅਸਾਮੀਆਂ ਦਾ ਵਰਗੀਕਰਣ:-

| ਲੜੀ ਨੰ: | ਵਰਗ | ਕੁੱਲ ਅਸਾਮੀਆਂ ਦੀ ਗਿਣਤੀ (ਨੁਕੱਤਾ ਨੰ:451-600) | ਕੁੱਲ ਅਸਾਮੀਆਂ ਵਿਚੋਂ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ |
|---|---|---|---|
| 1 | ਆਮ (General) | 59 | 16 |
| 2 | ਆਰਥਿੱਕ ਤੌਰ ਤੇ ਕਮਜ਼ੋਰ ਵਰਗ(ਆਮ) (EWS) (General) | 15 | 4 |
| 3 | ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) (S.C) (M & B) | 15 | 6 |
| 4 | ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) (S.C) (R & O) | 14 | 5 |
| 5 | ਪੱਛੜੀ ਸ਼੍ਰੇਣੀ (B.C) | 15 | 6 |
| 6 | ਸਾਬਕਾ ਫੌਜੀ-(ਆਮ ਵਰਗ) (ESM) (General) | 10 | 5 |
| 7 | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (ESM) (S.C) (M & B) | 4 | ਨਿੱਲ |
| 8 | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) (ESM) (S.C)(R & O) | 3 | ਨਿੱਲ |
| 9 | ਸਾਬਕਾ ਫੌਜੀ-(ਪੱਛੜੀ ਸ਼੍ਰੇਣੀ) (ESM) (B.C) | 3 | ਨਿੱਲ |
| 10 | ਖਿਡਾਰੀ-(ਆਮ ਵਰਗ) (Sports) (General) | 3 | 1 |
| 11 | ਖਿਡਾਰੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (Sports S.C) (M & B) | 1 | ਨਿੱਲ |
| 12 | ਖਿਡਾਰੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) ( Sports S.C) (R & O) | ਨਿੱਲ | ਨਿੱਲ |
| 13 | ਦਿਵਿਆਂਗਜਨ (ਨੇਤਰਹੀਨ ਅਤੇ ਘੱਟ ਨਜ਼ਰ) Handicapped ( Blind and Low Vision) | 1 (LV) | ਨਿੱਲ |

Scanned with OKEN Scanner

| | | | |
|---|---|---|---|
| 14 | ਦਿਵਿਆਂਗਜਨ (ਗੂੰਗੇ ਅਤੇ ਬੋਲੇ) Handicapped ( Deaf and Hard to Hearing) | 1 (H.H) | ਨਿੱਲ |
| 15 | ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) Handicapped (Locomotor Disability) | 2 (OA/OL/ BL/ OLA) | ਨਿੱਲ |
| 16 | ਦਿਵਿਆਂਗਜਨ (ਬੋਧਿਕ ਅਪਾਹਜਤਾ ਜਾਂ ਮਲਟੀਪਲ ਡਿਸੇਬਿਲਟੀ) Handicapped (Intellectual Disability or Maltipal Disabilities) | 2 | ਨਿੱਲ |
| 17 | ਸੁਤੰਤਰਤਾ ਸੰਗਰਾਮੀ (Freedom Fighters) | 2 | ਨਿੱਲ |
| | ਕੁੱਲ ਅਸਾਮੀਆਂ | 150 | |

4. ਸੀਵਰਮੈਨਾਂ ਦੀਆਂ ਅਸਾਮੀਆਂ ਦਾ ਵਰਗੀਕਰਣ:-

| ਲੜੀ ਨੰ: | ਵਰਗ | ਕੁੱਲ ਅਸਾਮੀਆਂ ਦੀ ਗਿਣਤੀ (ਨੁੱਕਤਾ ਨੰ:41-70) | ਕੁੱਲ ਅਸਾਮੀਆਂ ਵਿਚੋਂ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ |
|---|---|---|---|
| 1 | ਆਮ (General) | 11 | 3 |
| 2 | ਆਰਥਿੱਕ ਤੌਰ ਤੇ ਕਮਜ਼ੋਰ ਵਰਗ(ਆਮ) (EWS) (General) | 2 | ਨਿੱਲ |
| 3 | ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) (S.C) (M & B) | 3 | 1 |
| 4 | ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) (S.C) (R & O) | 3 | 1 |
| 5 | ਪੱਛੜੀ ਸ਼੍ਰੇਣੀ (B.C) | 4 | 2 |
| 6 | ਸਾਬਕਾ ਫੌਜੀ-(ਆਮ ਵਰਗ) (ESM) (General) | 3 | 2 |
| 7 | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (ESM) (S.C) (M & B) | 1 | ਨਿੱਲ |
| 8 | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) (ESM) (S.C)(R & O) | ਨਿੱਲ | ਨਿੱਲ |
| 9 | ਸਾਬਕਾ ਫੌਜੀ-(ਪੱਛੜੀ ਸ਼੍ਰੇਣੀ) (ESM) (B.C) | ਨਿੱਲ | ਨਿੱਲ |
| 10 | ਖਿਡਾਰੀ-(ਆਮ ਵਰਗ) (Sports) (General) | ਨਿੱਲ | ਨਿੱਲ |
| 11 | ਖਿਡਾਰੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (Sports S.C) (M & B) | 1 | ਨਿੱਲ |
| 12 | ਖਿਡਾਰੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) ( Sports S.C) (R & O) | ਨਿੱਲ | ਨਿੱਲ |
| 13 | ਦਿਵਿਆਂਗਜਨ (ਨੇਤਰਹੀਨ ਅਤੇ ਘੱਟ ਨਜ਼ਰ) Handicapped ( Blind and Low Vision) | ਨਿੱਲ | ਨਿੱਲ |
| 14 | ਦਿਵਿਆਂਗਜਨ (ਗੂੰਗੇ ਅਤੇ ਬੋਲੇ) Handicapped ( Deaf and Hard to Hearing) | ਨਿੱਲ | ਨਿੱਲ |
| 15 | ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) Handicapped (Locomotor Disability) | 1 | ਨਿੱਲ |
| 16 | ਦਿਵਿਆਂਗਜਨ (ਬੋਧਿਕ ਅਪਾਹਜਤਾ ਜਾਂ ਮਲਟੀਪਲ ਡਿਸੇਬਿਲਟੀ) Handicapped (Intellectual Disability or Multipal Disabilities) | ਨਿੱਲ | ਨਿੱਲ |
| 17 | ਸੁਤੰਤਰਤਾ ਸੰਗਰਾਮੀ (Freedom Fighters) | 1 | ਨਿੱਲ |
| | ਕੁੱਲ ਅਸਾਮੀਆਂ | 30 | |

Scanned with OKEN Scanner

5. ਸ਼੍ਰੇਣੀ ਕੋਡ(Category Code): ਵੱਖ-ਵੱਖ ਸ਼੍ਰੇਣੀਆਂ ਦੇ ਕੋਡ ਹੇਠ ਲਿਖੇ ਅਨੁਸਾਰ ਹਨ। ਉਮੀਦਵਾਰਾਂ ਵਲੋਂ ਅਪਲਾਈ ਕਰਨ ਸਮੇਂ ਸ਼੍ਰੇਣੀ ਕੋਡ ਸਪੱਸ਼ਟ ਰੂਪ ਵਿੱਚ ਦਰਸਾਇਆ ਜਾਵੇ:-

| ਲੜੀ ਨੰ: | ਸ਼੍ਰੇਣੀ (Category) | ਕੋਡ( Code): |
|---|---|---|
| 1) | ਆਮ (General) | 101 |
| 2) | ਆਰਥਿੱਕ ਤੌਰ ਤੇ ਕਮਜ਼ੋਰ ਵਰਗ(ਆਮ) (EWS) (General) | 102 |
| 3) | ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) (S,C) (M & B) | 103 |
| 4) | ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) (S,C) (R & O)) | 104 |
| 5) | ਪੱਛੜੀ ਸ਼੍ਰੇਣੀ (B.C) | 105 |
| 6) | ਸਾਬਕਾ ਫੌਜੀ-(ਆਮ ਵਰਗ)(ਖ਼ੁੱਦ) (ESM Gen, Self) | 106 |
| | ਸਾਬਕਾ ਫੌਜੀ-(ਆਮ ਵਰਗ) (ESM Gen. Dependent) | 107 |
| 7) | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (ESM) (S.C) (M & B)(Self) | 108 |
| | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (ESM) (S.C) (M & B)( Dependent) | 109 |
| 8) | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) (ESM) (S.C)(R & O)(Self) | 110 |
| | ਸਾਬਕਾ ਫੌਜੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) (ESM) (S.C)(R & O)(Self )( Dependent) | 111 |
| 9) | ਸਾਬਕਾ ਫੌਜੀ-(ਪੱਛੜੀ ਸ਼੍ਰੇਣੀ) (ESM) (B.C)(Self) | 112 |
| | ਸਾਬਕਾ ਫੌਜੀ-(ਪੱਛੜੀ ਸ਼੍ਰੇਣੀ) (ESM) (B.C)( Dependent) | 113 |
| 10) | ਖਿਡਾਰੀ-(ਆਮ ਵਰਗ) (Sports) (General) | 114 |
| 11) | ਖਿਡਾਰੀ-(ਅਨੁਸੂਚਿਤ ਜਾਤੀ) (ਮਜਬੀ ਅਤੇ ਬਾਲਮੀਕੀ) (Sports S.C) (M & B) | 115 |
| 12) | ਖਿਡਾਰੀ-(ਅਨੁਸੂਚਿਤ ਜਾਤੀ) (ਰਾਮਦਾਸੀਆ ਤੇ ਹੋਰ) (Sports S.C) (R & O) | 116 |
| 13) | ਦਿਵਿਆਂਗਜਨ (ਨੇਤਰਹੀਨ ਅਤੇ ਘੱਟ ਨਜ਼ਰ) Handicapped ( Blind and Low Vision) | 117 |
| 14) | ਦਿਵਿਆਂਗਜਨ (ਗੁੰਗੇ ਅਤੇ ਬੋਲੇ) Handicapped ( Deaf and Hard to Hearing) | 118 |
| 15) | ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) Handicapped (Locomotor Disability) | 119 |
| 16) | ਦਿਵਿਆਂਗਜਨ (ਬੋਧਿਕ ਅਪਾਹਜਤਾ ਜਾਂ ਮਲਟੀਪਲ ਡਿਸੇਬਿਲਟੀ) Handicapped (Intellectual Disability or Multipal Disabilities) | 120 |
| 17) | ਸੁਤੰਤਰਤਾ ਸੰਗਰਾਮੀ (Freedom Fighters) | 121 |

5.1 ਦਿਵਿਆਂਗਜਨ ਅਸਾਮੀਆਂ ਦੇ ਰਾਖਵੇਂਕਰਨ ਦੀ ਪਹਿਚਾਣ:-

| ਵਰਗ | Category of Disabled Suitable for job (ਨੌਕਰੀ ਲੈਣ ਲਈ ਦਿਵਿਆਂਗ ਦੀ ਸ਼੍ਰੇਣੀ) | | |
|---|---|---|---|
| ਦਿਵਿਆਂਗਜਨ (ਨੇਤਰਹੀਨ ਅਤੇ ਘੱਟ ਨਜ਼ਰ) Handicapped ( Blind and Low Vision) | (LV) | Low Vision | ਘੱਟ ਨਜ਼ਰ |
| ਦਿਵਿਆਂਗਜਨ (ਗੁੰਗੇ ਅਤੇ ਬੋਲੇ) Handicapped ( Deaf and Hard to Hearing) | (H.H) | Hard to Hearing | ਬੋਲੇ |
| ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) Handicapped (Locomotor Disability) | One Leg (OA/OL/ BL/ OLA) | One Leg/ One Arm/ Both Leg/ One Leg Arm | ਇੱਕ ਲੱਤ/ ਇੱਕ ਬਾਂਹ/ਦੋਨੋ ਲੱਤਾਂ/ ਇੱਕ ਲੱਤ ਬਾਂਹ |

6. ਵਿਦਿਅੱਕ ਯੋਗਤਾ:- ਉਮੀਦਵਾਰ ਨੂੰ ਪੜ੍ਹਨ-ਲਿਖਣ(Literate) ਦੀ ਜਾਣਕਾਰੀ ਹੋਣਾ ਲਾਜ਼ਮੀ ਹੈ, 8ਵੀਂ ਪਾਸ ਨੂੰ ਤਰਜੀਹ ਦਿੱਤੀ ਜਾਵੇਗੀ। ਜਿਸ ਅਨੁਸਾਰ ਚੋਣ ਲਈ ਨਿਰਧਾਰਿਤ ਕੁੱਲ 20 ਅੰਕਾਂ ਵਿਚੋਂ ਪੜਨ-ਲਿਖਣ ਦੀ ਜਾਣਕਾਰੀ ਵਾਲੇ ਉਮੀਦਵਾਰ ਨੂੰ 5 ਅੰਕ ਦਿੱਤੇ ਜਾਣਗੇ ਅਤੇ 8ਵੀਂ ਪਾਸ ਉਮੀਦਵਾਰ ਨੂੰ ਤਰਜੀਹ ਵਜੋਂ 5 ਵਾਧੂ ਅੰਕ ਦਿੱਤੇ ਜਾਣਗੇ।

7. ਤਜਰਬਾ:- ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:ਸ1-ਜਬ-ਡਸਸ-2021/ 24511-24513 ਮਿਤੀ 23.06.2021 ਦੀਆਂ ਹਦਾਇਤਾਂ ਅਨੁਸਾਰ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਬਤੌਰ ਸਫਾਈ ਸੇਵਕ/ਸੀਵਰਮੈਨ ਦਾ ਘੱਟੋ-ਘੱਟ ਤਿੰਨ ਸਾਲ ਦਾ ਤਜਰਬਾ ਰੱਖਣ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ ਦੇ (length of experience) ਦੇ ਅਧਾਰ ਤੇ ਚੋਣ ਲਈ ਨਿਰਧਾਰਿਤ ਕੁੱਲ 20 ਅੰਕਾਂ ਵਿਚੋ ਤਜਰਬੇ ਦੇ ਵਿਰੁੱਧ ਦਿੱਤੇ ਜਾਣ ਵਾਲੇ ਅੰਕਾਂ ਦਾ ਲਾਭ ਤਰਜੀਹ ਵਜੋਂ ਦਿੱਤਾ ਜਾਵੇਗਾ। ਤਜਰਬਾ ਸਰਟੀਫਿਕੇਟ ਅਨੁਲੱਗ "ੳ" ਅਨੁਸਾਰ ਹੋਣਾ ਲਾਜਮੀ ਹੈ।

Scanned with OKEN Scanner

8. ਰਾਖਵਾਂਕਰਨ/Reservation ਸਬੰਧੀ ਮਹੱਤਵਪੂਰਨ ਹਦਾਇਤਾਂ:-

8.1 ਉਮੀਦਵਾਰ ਸ਼੍ਰੇਣੀ ਅਤੇ ਇਸ ਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਇਨ ਫਾਰਮ ਧਿਆਨ ਨਾਲ ਭਰਨ ਕਿਉਂ ਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

8.2 ਸ਼੍ਰੇਣੀ ਕੋਡ ਉਕੱਤ ਦਰਸਾਈਆਂ ਆਸਾਮੀਆਂ ਦੇ ਅਨੁਸਾਰ ਹੀ ਭਰਿਆ ਜਾਵੇ। ਉਮੀਦਵਾਰ ਕਿਸੇ ਵੀ ਅਜਿਹੇ ਸ਼੍ਰੇਣੀ-ਕੋਡ ਵਿਰੁੱਧ ਅਪਲਾਈ ਨਾ ਕਰਨ ਜੋ ਉਪਰ ਦਰਸਾਈ ਸਾਰਣੀ ਵਿੱਚ ਦਰਜ਼ ਨਹੀਂ ਕੀਤੀ ਗਈ।

8.3 ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣ ਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖੇਗਾ। ਉਮੀਦਵਾਰ ਵਲੋਂ ਆਨਲਾਇਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

8.4 ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜ਼ਾ ਜਾਰੀ ਹੋਇਆ ਸਰਟੀਫਿਕੇਟ (Domicile Certificate) ਪੇਸ਼ ਕਰੇਗਾ। ਇਹ ਸਰਟੀਫਿਕੇਟ ਉਮੀਦਵਾਰ ਵਲੋਂ ਦਰਖਾਸਤ ਜਮ੍ਹਾਂ ਕਰਨ ਦੀ ਮਿਤੀ ਨੂੰ ਕਿਸੇ ਵੀ ਸਥਿਤੀ ਵਿੱਚ ਪੰਜ ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।

8.5 ਦਿਵਿਆਂਗ ਦੇ ਰਾਖਵਾਂਕਰਨ ਦਾ ਲਾਭ ਪੰਜਾਬ ਸਰਕਾਰ ਦੇ ਮੀਮੋ ਨੰ:3/39/2014-3ਡਸ/972-980 ਮਿਤੀ 10.07.17 ਅਨੁਸਾਰ ਜਾਰੀ ਭਾਰਤ ਸਰਕਾਰ ਦੇ ਪੱਤਰ ਨੰ: 16-15/2010-ਡੀ.ਡੀ.-111 ਮਿਤੀ 29.07.2013 ਰਾਹੀਂ ਦਿਵਿਆਂਗ ਵਿਅਕਤੀਆਂ ਦੇ ਰਾਖਵੇਂਕਰਨ ਵਿਰੁੱਧ ਨਿਯੁੱਕਤੀ ਦੇਣ ਸਬੰਧੀ ਦਰਜਾ-4(ਗਰੁੱਪ-ਡੀ) ਦੀ ਜਾਰੀ ਕੀਤੀ ਗਈ ਪਹਿਚਾਣ ਸੂਚੀ ਅਨੁਸਾਰ ਦਿੱਤਾ ਜਾਵੇਗਾ।

8.6 ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ/ਸਪੋਰਟਸਮੈਨ/ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

8.7 ਉਮੀਦਵਾਰ ਕਾਉਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਨਗਰ ਨਿਗਮ ਦੀ ਮੰਗ ਅਨੁਸਾਰ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ(Valid) ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰੇਗਾ।ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ਼ਾਂ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦਾ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸ ਦਾ ਨਾਮ ਨਿਯੁੱਕਤੀ ਲਈ ਵਿਚਾਰਿਆ ਜਾਵੇਗਾ।

8.8 ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਸ਼੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਦੀ ਸ਼੍ਰੇਣੀ ਇਸ਼ਤਿਹਾਰ ਵਿਚ ਸ਼ਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿਚ ਅਜਿਹੇ ਪ੍ਰਾਰਥੀ ਦੀ ਉਮੀਦਵਾਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

ਨੋਟ:- 1) ESM. General ਅਤੇ ESM.BC ਦੀਆ ਅਸਾਮੀਆਂ ESM (Self) ਉਮੀਦਵਾਰਾਂ ਵਿਚੋ ਹੀ ਭਰੀਆ ਜਾਣਗੀਆ। ESM (Self) ਉਮੀਦਵਾਰ ਉਪਲੱਬਧ ਨਾ ਹੋਣ ਦੀ ਸਥਿਤੀ ਵਿਚ ਹੀ ਇਹ ਅਸਾਮੀ ESM (Dependent) ਉਮੀਦਵਾਰ ਵਿਚੋਂ ਭਰੀਆ ਜਾਣਗੀਆ।

2) ਪੰਜਾਬ ਸਰਕਾਰ, ਰੱਖਿਆ ਸੇਵਾਵਾ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08.05.2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮਾ ਅਨੁਸਾਰ ਭਰੀ ਜਾਣੀ ਹੈ:-

In the Punjab recruitment of Ex-Serviceman rule, 1982, in rule 4, in sub rule (1), for the existing third proviso, the following proviso shall be substituted, namely:-

"Provided further that when an ex-serviceman is not available for the recruitment against a reserve vacancy and further no wife or dependent child of an Ex-Serviceman is available for recruitment a reserved vacancy. Such a vacancy shall be reserved to be filled in by recruitment of the grand child of a Gallantry Award Winner, In case the benefit of resolution has not been availed for by any of the children or dependents of such winner or by the winner himself subject to condition specified in the second proviso"

9. ਉਮਰ ਸੀਮਾ:-

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2022 ਨੂੰ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ:-

9.1 ਜਨਮ ਮਿਤੀ ਦੇ ਸਬੂਤ ਵਜੋਂ ਉਮੀਦਵਾਰ ਆਪਣਾ ਜਨਮ ਸਰਟੀਫਿਕੇਟ ਅਤੇ ਵਿਦਿਅੱਕ ਯੋਗਤਾ ਦਾ ਸਰਟੀਫਿਕੇਟ ਜਿਸ ਵਿਚ ਜਨਮ ਮਿਤੀ ਦਰਸਾਈ ਹੋਵੇ, ਪਾਸਪੋਰਟ, ਡਰਾਈਵਿੰਗ ਲਾਇਸੰਸ, ਅਧਾਰ ਕਾਰਡ ਜਿਸ ਵਿਚ ਜਨਮ ਦੀ ਮਿਤੀ, ਮਹੀਨਾ ਅਤੇ ਸਾਲ ਸਪੱਸ਼ਟ ਦਰਸਾਇਆ ਹੋਵੇ ਜਾਂ ਪੰਜਾਬ

Scanned with OKEN Scanner

ਸਰਕਾਰ/ਭਾਰਤ ਸਰਕਾਰ ਵਲੋਂ ਜਾਰੀ ਕੋਈ ਹੋਰ ਦਸਤਾਵੇਜ਼ ਜਿਸ ਵਿਚ ਜਨਮ ਮਿਤੀ ਦਰਸਾਈ ਹੋਵੇ, ਵਿਚੋਂ ਕੋਈ ਇੱਕ ਦਸਤਾਵੇਜ਼ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

9.2 ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

9.3 ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

9.4 ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾ ਵਿਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

9.5 ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿਚ ਉਮਰ ਦੀ ਉਪਰਲੀ ਸੀਮਾ Punjab Recruitment of Ex-Serviceman Rules 1982 ਵਿਚ ਸਮੇਂ ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾ ਉਹਨਾਂ ਦੀ ਫੌਜ਼ ਵਿਚ ਕੀਤੀ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲ ਅਨੁਸਾਰ ਅਸਾਮੀ ਦੀ ਉਮਰ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾ ਦੀਆਂ ਸ਼ਰਤਾ ਪੂਰੀਆ ਕਰਦਾ ਹੈ।

9.6 ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾ ਵਿਚ 10 ਸਾਲ ਦੀ ਛੋਟ ਹੋਵੇਗੀ।

9.7 ਪੰਜਾਬ ਸਰਕਾਰ ਵਲੋਂ ਪੱਤਰ ਨੰ: 1/50/83-5PP(1368)/3454 ਮਿਤੀ 23.04.1984 ਰਾਹੀਂ ਜਾਰੀ ਹਦਾਇਤਾ ਅਨੁਸਾਰ ਵਿਧਵਾ, ਤਲਾਕਸ਼ੁਦਾ ਅਤੇ ਕੁਝ ਹੋਰ ਕੈਟਾਗਰੀ ਦੀਆਂ ਸ਼ਾਦੀ-ਸ਼ੁਦਾ ਔਰਤਾਂ ਲਈ ਉਪਰਲੀ ਉਮਰ ਦੀ ਸੀਮਾ 40 ਸਾਲ ਹੋਵੇਗੀ।

9.8 ਉਪਰਲੀ ਉਮਰ ਸੀਮਾ ਵਿਚ ਛੋਟ ਇੱਕ ਕੈਟਾਗਰੀ ਅਧੀਨ ਹੀ ਦਿੱਤੀ ਜਾਵੇਗੀ ਭਾਵ ਜੇਕਰ ਕੋਈ ਉਮੀਦਵਾਰ ਐਸ.ਸੀ ਜਾਤ ਨਾਲ ਸਬੰਧ ਰੱਖਣ ਤੋਂ ਇਲਾਵਾ ਵਿਧਵਾ ਔਰਤ ਵੀ ਹੈ ਤਾਂ ਉਹ ਇਹਨਾਂ ਦੋਨਾਂ ਕੈਟਾਗਰੀਆ ਵਿਚੋਂ ਇੱਕ ਕੈਟਾਗਰੀ ਜਿਸ ਵਿਚ ਉਹ ਚਾਹਵਾਨ ਹੋਵੇ ਉਸ ਅਧੀਨ ਉਪਰਲੀ ਸੀਮਾ ਵਿਚ ਛੋਟ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।

9.9 ਜੇਕਰ ਉਮੀਦਵਾਰ ਪਹਿਲਾ ਤੋਂ ਹੀ ਇਸ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਬੰਧਤ ਅਸਾਮੀ (ਸਫਾਈ ਸੇਵਕ ਜਾਂ ਸੀਵਰਮੈਨ) ਤੇ ਆਊਟਸੋਰਸ ਰਾਹੀਂ ਕੰਮ ਕਰ ਰਿਹਾ ਹੈ ਤਾਂ ਉਸਦੀ ਯੋਗਤਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਜਾਰੀ ਪੱਤਰ ਨੰਬਰ ਸ5-ਡਸਸ-ਮਸਸ-2022/ 17841 ਮਿਤੀ 26.05.2022 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਉਸ ਦੇ ਇਸ ਨਗਰ ਨਿਗਮ ਵਿਖੇ ਕੰਮ ਕਰਨ ਦੀ ਮਿਤੀ ਤੋਂ ਮਿੱਥੀ ਜਾਵੇਗੀ ਅਤੇ ਉਸ ਦੀ ਉਮਰ ਸਬੰਧੀ ਪਾਤਰਤਾ ਉਸ ਦੀ ਹਾਜਰੀ ਦੀ ਮਿਤੀ ਤੋਂ ਨਿਰਧਾਰਿਤ ਕੀਤੀ ਜਾਵੇਗੀ। ਇਸ ਨਗਰ ਨਿਗਮ ਵਿਖੇ ਸਬੰਧਤ ਅਸਾਮੀ ਤੇ ਕੰਮ ਕਰਨ ਦੇ ਸਬੂਤ ਵਜੋਂ ਉਮੀਦਵਾਰ ਨੂੰ ਸਬੰਧਤ ਠੇਕੇਦਾਰ/ਸਰਵਿਸ ਪ੍ਰੋਵਾਈਡਰ ਜਿਸ ਨੂੰ ਇਸ ਨਗਰ ਨਿਗਮ ਵਲੋਂ ਸਫਾਈ ਦਾ ਠੇਕਾ ਦਿੱਤਾ ਹੋਇਆ ਜਾਂ ਸੀਵਰ ਦੀ ਦੇਖਭਾਲ ਕਰਨ ਦਾ ਠੇਕਾ ਜਾਂ ਇਹਨਾਂ ਕੰਮਾਂ ਨੂੰ ਕਰਨ ਲਈ ਮੈਨਪਾਵਰ ਸਪਲਾਈ ਕਰਨ ਦਾ ਠੇਕਾ ਦਿੱਤਾ ਗਿਆ ਸੀ ਜਾਂ ਦਿੱਤਾ ਹੋਇਆ ਹੈ ਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਆਪਣੀ ਦਰਖਾਸਤ ਨਾਲ ਲਗਾਉਣਾ ਹੋਵੇਗਾ। ਇਸ ਤੋਂ ਇਲਾਵਾ ਨਗਰ ਨਿਗਮ, ਹੁਸ਼ਿਆਰਪੁਰ ਦੇ ਸਬੰਧਤ ਸੈਨੇਟਰੀ ਇੰਸਪੈਕਟਰ ਦੀ ਰਿਪੋਰਟ ਦੇ ਆਧਾਰ ਤੇ ਹੈਲਥ ਸ਼ਾਖਾ ਦੇ ਮੁੱਖੀ ਵਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ ਵੈਲਿਡ(Valid) ਮੰਨਿਆ ਜਾਵੇਗਾ। ਜੇਕਰ ਕਿਸੇ ਉਮੀਦਵਾਰ ਵਲੋਂ ਇਹ ਸਰਟੀਫਿਕੇਟ ਉਕਤ ਦਰਸਾਈ ਅਥਾਰਟੀ ਜਾਂ ਏਜੰਸੀ ਵਲੋਂ ਜਾਰੀ ਕੀਤੇ ਸਰਟੀਫਿਕੇਟ ਤੋਂ ਇਲਾਵਾ ਕਿਸੇ ਹੋਰ ਅਦਾਰੇ/ਏਜੰਸੀ ਵਲੋਂ ਜਾਰੀ ਕੀਤਾ ਸਰਟੀਫਿਕੇਟ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਸਵੀਕਾਰ ਨਹੀਂ ਕੀਤਾ ਜਾਵੇਗਾ।

9.10 ਜਿਸ ਉਮੀਦਵਾਰ ਦਾ ਲਗਾਤਾਰ ਤਜਰਬਾ ਹੋਵੇਗਾ ਅਤੇ ਮੌਜੂਦਾਂ ਸਮੇਂ ਨਗਰ ਨਿਗਮ, ਹੁਸ਼ਿਆਰਪੁਰ ਵਿੱਚ ਕੰਮ ਕਰ ਰਿਹਾ ਹੈ, ਨੂੰ ਪੈਰਾ ਨੰ: 9.9 ਵਿੱਚ ਦਰਸਾਇਆ ਲਾਭ ਦਿੱਤਾ ਜਾਵੇਗਾ।

10. ਚੋਣ ਵਿਧੀ:-

10.1 ਉਕਤ ਅਸਾਮੀਆਂ ਲਈ ਸਫਲਤਾਪੂਰਵਕ ਬਿਨੈਕਾਰਾ ਵਾਲੇ ਉਮੀਦਵਾਰਾਂ ਦੀ ਚੋਣ ਉਹਨਾਂ ਦੀ ਵਿਦਿਅੱਕ ਯੋਗਤਾ (ਪੜ੍ਹਨਾ-ਲਿਖਣਾ ਜਾਣਦਾ ਹੋਵੇ) (ਲੀਟਰੇਟ), ਮਿਡਲ ਪਾਸ ਅਤੇ ਉਸ ਪਾਸ ਸਬੰਧਤ ਅਸਾਮੀ ਤੋਂ ਕੰਮ ਕਰਨ ਦੇ ਤਜਰਬੇ ਦੇ ਅਧਾਰ ਤੇ ਕੀਤੀ ਜਾਵੇਗੀ। ਚੋਣ ਲਈ ਕੁੱਲ 20 ਅੰਕ ਰੱਖੇ ਗਏ ਹਨ ਮੈਰਿਟ ਲਿਸਟ ਉਮੀਦਵਾਰਾਂ ਵਲੋਂ ਪ੍ਰਾਪਤ ਕੀਤੇ ਜਾਣ ਵਾਲੇ ਅੰਕਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ ਅਤੇ ਉਕੱਤ ਅਸਾਮੀਆਂ ਲਈ ਚੁਣਿਆ ਜਾਵੇਗਾ। ਨਿਰਧਾਰਿਤ ਕੀਤੇ ਵੱਧ ਤੋਂ ਵੱਧ 20 ਅੰਕਾ ਵਿਚ ਵਿਦਿਅੱਕ ਯੋਗਤਾ ਅਤੇ ਤਜਰਬੇ ਦੇ ਅੰਕ ਹੇਠ ਲਿਖੇ ਅਨੁਸਾਰ ਹੋਣਗੇ:-

| ਵਿਦਿਅੱਕ ਯੋਗਤਾ/ਤਜਰਬਾ | ਅੰਕ |
|---|---|
| ਪੜ੍ਹਨਾ ਲਿਖਣਾ ਜਾਨਣ ਦੇ ਅੰਕ | 5 |
| ਮਿਡਲ ਪਾਸ ਹੋਣ ਤੇ ਵਾਧੂ ਅੰਕ | 5 |
| 3 ਸਾਲ ਦਾ ਤਜਰਬਾ | 5 |
| 4 ਸਾਲ ਦਾ ਤਜਰਬਾ | 6 |
| 5 ਸਾਲ ਦਾ ਤਜਰਬਾ | 7 |
| 6 ਸਾਲ ਦਾ ਤਜਰਬਾ | 8 |

Scanned with OKEN Scanner

| | |
|---|---|
| 7 ਸਾਲ ਦਾ ਤਜਰਬਾ | 9 |
| 8 ਸਾਲ ਦਾ ਤਜਰਬਾ ਅਤੇ ਇਸ ਤੋਂ ਵੱਧ ਅਰਸੇ ਲਈ | 10 |

10.2 ਮੈਰਿਟ ਲਿਸਟ ਵਿਚ ਇੱਕ ਤੋਂ ਵੱਧ ਉਮੀਦਵਾਰ ਵਲੋਂ ਬਰਾਬਰ ਅੰਕ ਹਾਸਲ ਕਰਨ ਵਾਲੇ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ। ਇੱਕ ਜਨਮ ਮਿਤੀ ਹੋਣ ਦੀ ਸੂਰਤ ਵਿਚ ਵਧੇਰੀ ਵਿਦਿਅੱਕ ਯੋਗਤਾ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਦੋ ਉਮੀਦਵਾਰਾਂ ਦੀ ਜਨਮ ਮਿਤੀ ਇੱਕੋ ਹੋਣ ਦੀ ਸੂਰਤ ਵਿਚ ਵੱਧ ਵਿੱਦਿਅਕ ਯੋਗਤਾ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਜੇਕਰ ਵਿਦਿਅੱਕ ਯੋਗਤਾ ਅਤੇ ਉਮਰ ਇੱਕੋ ਜਿਹੀ ਹੁੰਦੀ ਹੈ ਤਾਂ ਵਿਦਿਅਕ ਯੋਗਤਾ ਵਿਚ ਵੱਧ ਪ੍ਰਤੀਸ਼ਤ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।

10.3 ਤਜਰਬੇ ਸਬੰਧੀ:-ਇਸ਼ਤਿਹਾਰ ਦੀ ਆਖਰੀ ਮਿਤੀ ਤੱਕ ਮੁਕੰਮਲ ਕੀਤੇ ਗਏ ਸਾਲਾਂ ਅਨੁਸਾਰ ਤਜਰਬੇ ਦੇ ਅੰਕ ਦਿੱਤੇ ਜਾਣਗੇ।

11. ਅਪਲਾਈ ਕਰਨ ਦੀ ਵਿਧੀ

11.1 ਉਮੀਦਵਾਰ ਨਗਰ ਨਿਗਮ ਹੁਸ਼ਿਆਰਪੁਰ ਦੀ ਵੈਬਸਾਈਟ www.mchoshiarpur.in ਤੇ ਮੁਹੱਈਆ ਲਿੰਕ ਤੇ ਕਲਿੱਕ ਕਰਕੇ ਮਿਤੀ 11.08.2022 ਤੋਂ ਮਿਤੀ 25.08.2022 ਸ਼ਾਮ 5:00 ਵਜੇ ਤੱਕ ਆਨ ਲਾਈਨ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਦਰਖਾਸਤ ਰੱਦ ਸਮਝੀ ਜਾਵੇਗੀ।

11.2 ਉਮੀਦਵਾਰ ਆਨਲਾਈਨ ਐਪਲੀਕੇਸ਼ਨ ਫਾਰਮ ਅਪਲੋਡ ਕਰਨ ਤੋਂ ਬਾਅਦ ਡਾਉਨਲੋਡ ਕਰਕੇ ਇਸ ਫਾਰਮ ਦਾ ਪ੍ਰਿੰਟ ਭਵਿੱਖ ਲਈ ਸੰਭਾਲ ਕੇ ਰੱਖਣ ਦਾ ਜਿਮੇਂਵਾਰ ਹੋਣਗੇ ਅਤੇ ਕਾਉਂਸਲਿੰਗ ਸਮੇਂ ਬਾਕੀ ਦਸਤਾਵੇਜਾਂ ਦੇ ਨਾਲ ਸਿਲੈਕਸ਼ਨ ਕਮੇਟੀ ਨੂੰ ਪੇਸ਼ ਕਰਨਗੇ।

11.3 ਜੇਕਰ ਉਮੀਦਵਾਰ ਵਲੋਂ ਆਨਲਾਇਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ online Application form submit ਕਰਨ ਤੋਂ ਪਹਿਲਾ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ online Application form submit ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ, ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀ ਬੇਨਤੀ/ਮੰਗ ਦਫਤਰ ਵਲੋਂ ਸਵੀਕਾਰ ਕੀਤੀ ਜਾਵੇਗੀ।

11.4 ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਨੂੰ ਵੈਲਿਡ ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਵੇਗਾ।

12. **ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:-**

ਹੇਠ ਦਰਸਾਈ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:-

12.1 ਬਿਨੈ ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾਂ ਭਰਨਾ;

12.2 ਆਨਲਾਇਨ ਬਿਨੈ ਕਰਨ ਦੀ ਪ੍ਰਕਿਰਿਆ ਮੁਕੰਮਲ ਨਾ ਕਰਨਾ;

12.3 ਲੋੜੀਂਦੀ ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾ ਪੂਰੀਆਂ ਨਾ ਹੋਣਾ;

12.4 ਆਨਲਾਇਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ;

13. **ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜ਼ਰੂਰੀ ਹਦਾਇਤਾਂ:-**

13.1 ਨਗਰ ਨਿਗਮ ਵਲੋਂ ਅਸਾਮੀਆਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ।

13.2 ਇਹਨਾਂ ਅਸਾਮੀਆਂ ਦੀ ਕੈਟਾਗਰੀ ਵਾਈਜ ਵੰਡ ਅਤੇ ਰਾਖਵਾਂਕਰਨ ਨਗਰ ਨਿਗਮ ਵਲੋਂ ਨਿਰਧਾਰਿਤ ਕੀਤਾ ਗਿਆ ਹੈ। ਇਹਨਾਂ ਅਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ, ਰਾਖਵਾਂਕਰਨ ਸਬੰਧੀ ਨੀਤੀ/ ਹਦਾਇਤਾਂ/ਨਿਯਮਾਂ ਅਨੁਸਾਰ ਲਾਗੂ ਹੋਵੇਗਾ Economic Weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾਂ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੇ ਪੱਤਰ ਨੰ: 01/03/2019-ਆਰ.ਸੀ.1/120 ਮਿਤੀ 28 ਮਈ, 2019 ਰਾਹੀਂ ਜਾਰੀ ਹਦਾਇਤਾਂ ਅਤੇ ਇਸ ਨੂੰ ਲਾਗੂ ਕਰਨ ਸਬੰਧੀ ਸਮੇਂ ਸਮੇਂ ਤੇ ਹੋਰ ਵੀ ਜਾਰੀ ਕੀਤੀਆਂ ਹਦਾਇਤਾਂ/ ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

13.3 ਇਹਨਾਂ ਅਸਾਮੀਆਂ ਲਈ ਉਮੀਦਵਾਰ ਕੇਵਲ ਨਗਰ ਨਿਗਮ, ਹੁਸ਼ਿਆਰਪੁਰ ਦੀ ਵੈਬਸਾਈਟ www.mchoshiarpur.in ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

13.4 ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਨਗਰ ਨਿਗਮ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

Scanned with OKEN Scanner

13.5 ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹਨਾਂ ਆਸਾਮੀਆਂ ਲਈ ਖੁਦ ਆਨਲਾਈਨ ਤੌਰ ਤੇ ਅਪਲਾਈ ਕਰਨ। ਉਮੀਦਵਾਰ ਵਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀਂ ਕੀਤੀ ਜਾਵੇਗੀ।

13.6 ਉਮੀਦਵਾਰ ਵਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਲੋੜੀਂਦੇ ਦਸਤਾਵੇਜ ਅਪਲੋਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸ ਨੂੰ ਇਹਨਾਂ ਆਸਾਮੀਆਂ ਲਈ ਉਮੀਦਵਾਰ ਨਹੀਂ ਮੰਨਿਆ ਜਾਵੇਗਾ।

13.7 ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਕੇਵਲ ਆਪਣੇ ਹਸਤਾਖਰ/ਅੰਗੂਠਾ ਨਿਸ਼ਾਨ ਅਤੇ ਪਾਸਪੋਰਟ ਸਾਇਜ ਫੋਟੋ ਸਕੈਨ ਕਰਕੇ ਵੈਬਸਾਈਟ ਤੇ ਦਰਸਾਈਆਂ ਹਦਾਇਤਾਂ ਮੁਤਾਬਕ ਨਾਲ ਹੀ ਅਪਲੋਡ/ਨੱਥੀ ਕਰਨਗੇ। ਇਸ ਤੋਂ ਇਲਾਵਾ ਉਮੀਦਵਾਰ ਲੋੜੀਂਦੇ ਸਰਟੀਫਿਕੇਟ ਜਿਵੇਂ ਕਿ ਜਨਮ ਮਿਤੀ ਸਬੰਧੀ, ਵਿਦਿਅੱਕ ਯੋਗਤਾ, ਤਜਰਬਾ, ਜਾਤੀ ਸਬੰਧੀ ਆਦਿ ਦੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਫੋਜਦਾਰੀ ਕੇਸ ਨਾ ਚੱਲਣ ਦਾ ਸਵੈ-ਘੋਸ਼ਣਾ ਪੱਤਰ ਆਦਿ ਕਾਊਂਸਲਿੰਗ ਸਮੇਂ ਸਿਲੈਕਸ਼ਨ ਕਮੇਟੀ ਨੂੰ ਪੇਸ਼ ਕਰਨਗੇ।

13.8 ਉਮੀਦਵਾਰ ਸ਼੍ਰੇਣੀ ਅਤੇ ਇਸ ਦੇ ਕੋਡ ਦਾ ਧਿਆਨ ਰੱਖਦੇ ਹੋਏ ਆਨ ਲਾਇਨ ਫਾਰਮ ਧਿਆਨ ਨਾਲ ਭਰਨ ਕਿਉਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕਦਾ।

13.9 ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਅਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਆਸਾਮੀਆਂ ਦੀ ਉਪੱਲਬਧਤਾ ਅਨੁਸਾਰ ਭਰੀਆਂ ਜਾਣਗੀਆਂ।

13.10 ਉਮੀਦਵਾਰ ਵਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬੱਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿਚੋਂ ਕੱਢ ਦਿੱਤਾ ਜਾਵੇਗਾ ਅਤੇ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮਦੀਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

13.11 ਉਮੀਦਵਾਰ ਕਾਊਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ/ਤਜਰਬੇ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਸਵੈ-ਘੋਸ਼ਣਾ ਪੱਤਰ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾ ਦੇ ਹੋਣੇ ਚਾਹੀਦੇ ਹਨ। ਕਾਊਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਆਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਦਾ ਨਾਮ ਨਿਯੁੱਕਤੀ ਲਈ ਵਿਚਾਰਿਆ ਜਾਵੇਗਾ।

13.12 ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

13.13 ਇਸ ਭਰਤੀ ਸਬੰਧੀ ਨਗਰ ਨਿਗਮ ਵਲੋਂ ਭਵਿੱਖ ਵਿੱਚ ਜਾਰੀ ਕੀਤੀ ਗਈ ਕੋਈ ਵੀ ਸੋਧ/ਨੋਟਿਸ/ਕੋਰੀਜੰਡਮ ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਉਮੀਦਵਾਰ ਇਸ ਦੀ ਪਾਲਣਾ ਕਰਨ ਯਕੀਨੀ ਬਨਾਉਣਗੇ।

13.14 ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ ਵਲੋਂ ਪੱਤਰ ਅੰ:ਵਿ:ਪੱ:ਨੰ:1/260/2021-1 ਕੈਬਨਿਟ/7104 ਮਿਤੀ 18.10.2021 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਸਮੇਂ-ਸਮੇਂ ਤੇ ਜਾਰੀ ਦਿਸ਼ਾ ਨਿਰਦੇਸ਼ ਇਸ ਭਰਤੀ ਤੇ ਵੀ ਲਾਗੂ ਹੋਣਗੇ।

13.15 ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਨਗਰ ਨਿਗਮ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਨਗਰ ਨਿਗਮ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

13.16 ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ ਕਾਜ ਵਾਲੇ ਦਿਨ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਦਫਤਰੀ ਫੋਨ ਨੰ: 01882-244022 ਤੇ ਸੰਪਰਕ ਕੀਤਾ ਜਾ ਸਕਦਾ ਹੈ।

13.17 ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਨਗਰ ਨਿਗਮ ਕੋਲ ਰਾਖਵਾਂ ਹੋਵੇਗਾ।

13.18 ਇਸ ਭਰਤੀ ਤੇ ਪੰਜਾਬ ਸਰਕਾਰ/ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਠੇਕੇ ਤੇ ਭਰਤੀ ਸਬੰਧੀ ਜਾਰੀ ਹਦਾਇਤਾਂ ਇੰਨ੍ਹ-ਬਿੰਨ੍ਹ ਲਾਗੂ ਹੋਣਗੀਆ।

13.19 ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ ਤਾਜ਼ਾ ਸਥਿਤੀ ਜਾਨਣ ਲਈ ਨਗਰ ਨਿਗਮ, ਹੁਸ਼ਿਆਰਪੁਰ ਦੀ ਵੈਬਸਾਇਟ www.mchoshiarpur.in ਨੂੰ ਸਮੇਂ-ਸਮੇਂ ਤੇ ਚੈਕ ਕਰਦੇ ਰਹਿਣ। ਉਮੀਦਵਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਸੋਧ ਸਬੰਧੀ ਵੱਖਰੇ ਤੌਰ ਤੇ ਸੂਚਿਤ ਨਹੀਂ ਕੀਤਾ ਜਾਵੇਗਾ।

13.20 ਇਸ ਇਸ਼ਤਿਹਾਰ ਰਾਹੀਂ ਕੀਤੀ ਜਾਣ ਵਾਲੀ ਭਰਤੀ ਸਬੰਧੀ ਪੰਜਾਬ ਸਰਕਾਰ/ਸਥਾਨਕ ਸਰਕਾਰ ਵਿਭਾਗ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ/ਨਿਰਦੇਸ਼ ਲਾਗੂ ਹੋਣਗੇ।

ਕਮਿਸ਼ਨਰ,
ਨਗਰ ਨਿਗਮ, ਹੁਸ਼ਿਆਰਪੁਰ।

Scanned with OKEN Scanner

## ਅਨੁਲੱਗ "ੳ"

### ਤਜਰਬਾ ਸਰਟੀਫਿਕੇਟ

### (ਸਫਾਈ ਸੇਵਕ ਦੀ ਅਸਾਮੀ ਲਈ)

ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਸ਼੍ਰੀਮਤੀ/ਮਿਸ .......................... ਪੁੱਤਰ/ਪਤਨੀ/ਪੁੱਤਰੀ ਸ਼੍ਰੀ ...................... ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ............................... ਵਿੱਚ ਬਤੌਰ ਸਫਾਈ ਸੇਵਕ(ਆਊਟਸੋਰਸ) ਸੇਵਾ ਨਿਭਾ ਰਿਹਾ/ਰਹੀ ਹੈ। ਇਹ ਕਰਮਚਾਰੀ/ਕਰਮਚਾਰਣ ਸਮਾਂ........................ਤੋਂ .................... ਤੱਕ ਲਗਾਤਾਰ .................................. ਮੁਹੱਲਾ ਸੁਧਾਰ ਕਮੇਟੀ (ਮਾਰਫਤ ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ..............................) ਬਤੌਰ ਸਫਾਈ ਸੇਵਕ ਆਪਣੀਆਂ ਸੇਵਾਵਾਂ ਦਿੰਦਾ/ਦਿੰਦੀ ਰਿਹਾ/ਰਹੀ ਹੈ ਅਤੇ ਸਮਾਂ.................... ਤੋਂ .................... ਤੱਕ ਲਗਾਤਾਰ ਮੈਸ:......................... (ਆਊਟਸੋਰਸ ਏਜੰਸੀ) ਰਾਹੀਂ ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ ........................... ਵਿਖੇ ਬਤੌਰ ਸਫਾਈ ਸੇਵਕ ਆਪਣੀਆਂ ਸੇਵਾਵਾਂ ਦੇ ਰਿਹਾ ਹੈ।

(ਹਸਤਾਖਰ)
(ਸਰਟੀਫਿਕੇਟ ਜਾਰੀ ਕਰਨ ਵਾਲੇ
ਅਧਿਕਾਰੀ/ਏਜੰਸੀ ਦਾ ਨਾਮ ਅਤੇ ਮੋਹਰ)

## ਅਨੁਲੱਗ "ੳ"

### ਤਜਰਬਾ ਸਰਟੀਫਿਕੇਟ

### (ਸੀਵਰਮੈਨ ਦੀ ਅਸਾਮੀ ਲਈ)

ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਸ਼੍ਰੀਮਤੀ/ਮਿਸ .......................... ਪੁੱਤਰ/ਪਤਨੀ/ਪੁੱਤਰੀ ਸ਼੍ਰੀ ...................... ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ........................ਬਤੌਰ ਸੀਵਰਮੈਨ (ਆਊਟਸੋਰਸ) ਸੇਵਾ ਨਿਭਾ ਰਿਹਾ/ਰਹੀ ਹੈ। ਇਹ ਕਰਮਚਾਰੀ/ਕਰਮਚਾਰਣ ਸਮਾਂ.................. ਤੋਂ .................... ਤੱਕ ਲਗਾਤਾਰ ................................. ਮੁਹੱਲਾ ਸੁਧਾਰ ਕਮੇਟੀ (ਮਾਰਫਤ ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ..............................) ਬਤੌਰ ਸਫਾਈ ਸੇਵਕ ਆਪਣੀਆਂ ਸੇਵਾਵਾਂ ਦਿੰਦਾ/ਦਿੰਦੀ ਰਿਹਾ/ ਰਹੀ ਹੈ ਅਤੇ ਸਮਾਂ............... ਤੋਂ ................. ਤੱਕ ਲਗਾਤਾਰ ਮੈਸ:................................(ਆਊਟਸੋਰਸ ਏਜੰਸੀ) ਰਾਹੀਂ ਨਗਰ ਨਿਗਮ/ਨਗਰ ਕੌਂਸਲ/ ਨਗਰ ਪੰਚਾਇਤ/ਨ:ਸੁ: ਟਰਸਟ ............................ ਵਿਖੇ ਬਤੌਰ ਸੀਵਰਮੈਨ ਆਪਣੀਆਂ ਸੇਵਾਵਾਂ ਦੇ ਰਿਹਾ ਹੈ।

(ਹਸਤਾਖਰ)
(ਸਰਟੀਫਿਕੇਟ ਜਾਰੀ ਕਰਨ ਵਾਲੇ
ਅਧਿਕਾਰੀ/ਏਜੰਸੀ ਦਾ ਨਾਮ ਅਤੇ ਮੋਹਰ)

Scanned with OKEN Scanner